ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dgsecoordination@punjabeducation.gov.in)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 83236/DPISE/2020/43/Cord/2024195145
ਮਿਤੀ: 07-08-2024

ਵਿਸ਼ਾ:- ਪੰਜਾਬ ਰਾਜ ਭਾਸ਼ਾ (ਵਿਧਾਨਿਕ) ਕਮਿਸ਼ਨ ਵਿਖੇ ਤਿੰਨ (3) ਖੋਜ ਸਹਾਇਕ (Research Assistant) ਦੀਆਂ ਰੈਗੂਲਰ ਅਸਾਮੀਆਂ ਨੂੰ ਬਦਲੀ ਦੀ ਵਿਧੀ ਰਾਹੀਂ ਭਰਨ ਬਾਰੇ।

ਹਵਾਲਾ: ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਅਦਾਲਤੀ-2 ਸ਼ਾਖਾ) ਦਾ ਪੱਤਰ ਨੰ. HOME-JD-20RECT/3/2024-5JUD2/2888 ਮਿਤੀ 22.07.2024.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

07.08.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ.ਉਕਤ/2024195146-148. ਮਿਤੀ 07-08-2024

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡੀ.ਜੀ.ਐਸ.ਈ. ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡਾਇਰੈਕਟਰ ਐਸ.ਸੀ.ਈ.ਆਰ.ਟੀ. ,ਪੰਜਾਬ।

07.08.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਨੰ: HOME-JD-2ORECT/3/2024-5JUD2/੨੬੪੪

ਪੰਜਾਬ ਸਰਕਾਰ

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

(ਅਦਾਲਤੀ-2 ਸ਼ਾਖਾ)

ਸੇਵਾ ਵਿਖੇ

1. ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ,
2. ਰਜਿਸਟਰਾਰ ਜਨਰਲ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
3. ਪੰਜਾਬ ਵਿਧਾਨ ਸਭਾ, ਪੰਜਾਬ, ਚੰਡੀਗੜ੍ਹ,
4. ਮੰਡਲ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ, ਪੰਜਾਬ,
5. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।

1-8-24

ਮਿਤੀ,ਚੰਡੀਗੜ੍ਹ: 22.07.2024

ਵਿਸ਼ਾ:- ਪੰਜਾਬ ਰਾਜ ਭਾਸ਼ਾ (ਵਿਧਾਂਨਿਕ) ਕਮਿਸ਼ਨ ਵਿਖੇ ਤਿੰਨ (3) ਖੋਜ ਸਹਾਇਕ (Research Assistant) ਦੀਆਂ ਰੈਗੂਲਰ ਅਸਾਮੀਆਂ ਨੂੰ ਬਦਲੀ ਦੀ ਵਿਧੀ ਰਾਹੀਂ ਭਰਨ ਬਾਰੇ।

****

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਭਾਸ਼ਾ (ਵਿਧਾਂਨਿਕ) ਕਮਿਸ਼ਨ, ਕਾਨੂੰਨੀ ਅਤੇ ਵਿਧਾਂਨਿਕ ਕਾਰ-ਵਿਹਾਰ ਵਿਭਾਗ ਵਿਖੇ ਖੋਜ ਸਹਾਇਕ (Research Assistant) ਦੀਆਂ 03 ਖਾਲੀ ਅਸਾਮੀਆਂ, ਜਿਨ੍ਹਾਂ ਦਾ ਤਨਖਾਹ ਲੈਵਲ PB-3, level-12 (43000-136000 ਰੁਪਏ) ਹੈ, ਨੂੰ ਰਾਜ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਉਕਤ ਤਨਖਾਹ ਲੈਵਲ ਕੰਮ ਕਰਦੇ ਅਤੇ ਹੇਠ ਦਰਸਾਈਆਂ ਯੋਗਤਾਵਾਂ ਅਤੇ ਸ਼ਰਤਾਂ ਪੂਰੀਆਂ ਕਰਦੇ ਕਰਮਚਾਰੀਆਂ ਵਿਚੋਂ ਬਦਲੀ ਦੀ ਵਿੱਧੀ ਰਾਹੀਂ ਭਰਨ ਸਬੰਧੀ ਫੈਸਲਾ ਲਿਆ ਗਿਆ ਹੈ:-

1) ਲਾਅ ਗਰੈਜੂਏਟ
2) ਬੀ.ਏ. ਪੰਜਾਬੀ ਚੋਣਵੇ ਮਜ਼ਮੂਨ ਨਾਲ ਜਾਂ ਗਿਆਨੀ (ਗੁਰਮੁੱਖੀ ਲਿਪੀ ਵਿੱਚ ਜਾਂ ਐਮ.ਏ. ਪੰਜਾਬੀ ਜਾਂ ਆਨਰਜ਼ ਇੰਨ ਪੰਜਾਬੀ)
3) Should be a Graduate with Punjabi as an elective or compulsory subject or Giani(in Gurmukhi Script) or M.A. in Punjabi or B.A. Honours in Punjabi from a recognized university or institution.
4) ਉਕਤ ਤੋਂ ਇਲਾਵਾ ਉਮੀਦਵਾਰਾਂ ਵੱਲੋਂ ਪਹਿਲਾਂ ਕੰਮ ਕਰ ਰਹੇ ਵਿਭਾਗ ਤੋਂ ਆਪਣੀ ਪ੍ਰਤੀਬੇਨਤੀ ਯੋਗ ਪ੍ਰਣਾਲੀ ਰਾਹੀਂ ਭੇਜਣਗੇ ਅਤੇ ਆਪਣੇ ਵਿਭਾਗ ਦੇ ਮੁੱਖੀ ਤੋਂ ਇਤਰਾਜ ਹੀਣਤਾ ਸਰਟੀਫਿਕੇਟ, ਅਨੁਸ਼ਾਸ਼ਨੀ ਕਾਰਵਾਈ/ਚੌਕਸੀ ਅਤੇ ਕੋਰਟ ਕੇਸ ਨਾ ਹੋਣ ਬਾਰੇ ਸਰਟੀਫਿਕੇਟ ਅਤੇ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਭੇਜਣਗਾ।

5) ਉਮੀਦਵਾਰਾਂ ਵੱਲੋਂ ਆਪਣੇ ਵਿਭਾਗ ਵਿੱਚ ਪਰਖਕਾਲ ਦਾ ਸਮਾਂ ਤਸੱਲੀਬਖਸ਼ ਪੂਰਾ ਕੀਤਾ ਗਿਆ ਹੋਵੇ।

6) ਉਮੀਦਵਾਰ ਤੇ ਪੰਜਾਬ ਸਿਵਲ ਸਰਵਿਸ (ਆਮ ਅਤੇ ਸਾਂਝੀਆਂ ਸਰਤਾਂ ਅਤੇ ਸੇਵਾਵਾਂ) ਰੂਲਜ਼, 1994 ਅਨੁਸਾਰ ਦਰਜ ਸ਼ਰਤਾਂ ਲਾਗੂ ਹੋਣਗੀਆਂ।

7) ਉਮੀਦਵਾਰ ਆਪਣੇ ਵਿਭਾਗ ਵਿੱਚ ਇਸ ਅਸਾਮੀ ਦੇ ਦਿੱਤੇ ਹੋਏ ਤਨਖਾਹ ਸਕੇਲ ਵਿੱਚ ਕੰਮ ਕਰਦਾ ਹੋਣਾ ਚਾਹੀਦਾ ਹੈ।

2. ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ (ਰਿਜ਼ਰਵੇਸ਼ਨ ਸੈੱਲ) ਵੱਲੋਂ ਪੱਤਰ ਨੰ:1/5/2001-RC1/450, ਮਿਤੀ 12.06.2001 ਰਾਹੀਂ ਜਾਰੀ ਹਦਾਇਤਾਂ ਅਨੁਸਾਰ 05 ਤੋਂ ਘੱਟ ਗਿਣਤੀ ਵਾਲੇ ਕਾਡਰ ਦੀ ਦੂਜੀ (02) ਅਸਾਮੀ ਰਿਜ਼ਰਵ ਕੈਟਾਗਰੀ ਲਈ ਰਾਂਖਵੀ ਕੀਤੀ ਜਾਣੀ ਹੈ। ਵਿਭਾਗ ਵਿੱਚ ਖੋਜ ਸਹਾਇਕਾਂ ਦੀਆਂ ਤਿੰਨ ਪ੍ਰਵਾਨਤ ਅਸਾਮੀਆਂ ਹਨ। ਉਕਤ ਵਿਚੋਂ ਪਹਿਲਾਂ ਨੁਕਤਾਂ ਜਨਰਲ(ਇਸਤਰੀ) ਨੂੰ ਦਿੱਤਾ ਜਾਵੇਗਾ, ਦੂਸਰਾ ਨੁਕਤਾਂ ਅਨੁਸੂਚਿਤ ਜਾਤੀ (ਇਸਤਰੀ) ਅਤੇ ਤੀਜਾ ਨੁਕਤਾਂ ਜਨਰਲ ਸ਼੍ਰੇਣੀ ਨੂੰ ਦਿੱਤਾ ਜਾਵੇਗਾ।

3. ਉਪਰੋਕਤ ਸ਼ਰਤਾ/ਹਦਾਇਤਾਂ ਅਤੇ ਪ੍ਰਸੋਨਲ ਵਿਭਾਗ ਵੱਲੋਂ ਵੱਖ-ਵੱਖ ਸਮੇਂ ਤੇ ਨਿਰਧਾਰਿਤ ਕੀਤੀਆਂ ਗਈਆਂ ਵਿਦਿਅਕ ਯੋਗਤਾਵਾਂ ਅਨੁਸਾਰ ਯੋਗਤਾ ਰੱਖ ਵਾਲੇ ਚਾਹਵਾਨ ਕਰਮਚਾਰੀਆਂ ਦੀਆਂ ਦਰਖਾਸਤਾਂ ਸਮੇਤ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ, ਲਗਾਤਾਰ ਨਿਯੁਕਤੀ ਦੀ ਮਿਤੀ ਦੇ ਵੇਰਵੇ ਅਤੇ ਵਿਭਾਗ ਦੇ ਮੁੱਖੀ ਵੱਲੋਂ ਇਤਰਾਜ਼ਹੀਣਤਾ ਸਰਟੀਫਿਕੇਟ, ਕਰਮਚਾਰੀ ਵਿਰੁੱਧ ਵਿਭਾਗੀ/ਚੌਕਸੀ ਅਤੇ ਕੋਰਟ ਕੇਸ ਨਾ ਹੋਣ ਬਾਰੇ ਸਰਟੀਫਿਕੇਟ ਜਾਰੀ ਕਰਦੇ ਹੋਏ ਦਰਖਾਸਤਾਂ ਸੁਪਰਡੰਟ, ਅਦਾਲਤੀ-2 ਸ਼ਾਖਾ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ, 8ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ-1, ਸੈਕਟਰ-1, ਚੰਡੀਗੜ੍ਹ ਵਿਖੇ ਇਸ ਸਰਕੂਲਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਭੇਜੀਆਂ ਜਾਣ। ਅਧੂਰੀਆਂ ਅਤੇ ਲੇਟ ਪ੍ਰਾਪਤ ਹੋਈਆਂ ਦਰਖਾਸਤਾਂ ਵਿਚਾਰੀਆਂ ਨਹੀਂ ਜਾਣਗੀਆਂ। ਇਹ ਯਕੀਨੀ ਬਣਾਇਆ ਜਾਵੇ ਕਿ ਯੋਗ ਪ੍ਰਣਾਲੀ ਰਾਹੀਂ ਸ਼ਿਫਾਰਿਸ ਕੀਤੇ ਗਏ ਕਰਮਚਾਰੀਆਂ ਦਾ "No Objection Certificate" ਜਾਰੀ ਕੀਤਾ ਗਿਆ ਹੋਵੇ।

ਅਧੀਨ ਸਕੱਤਰ, ਗ੍ਰਿਹ

ਪਿੰ:ਅੰ:ਨੰ: HOME-JD-20RECT/3/2024-5JUD2/

ਮਿਤੀ.ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਕਾਨੂੰਨੀ ਮਸ਼ੀਰ, ਕਾਨੂੰਨੀ ਅਤੇ ਵਿਧਾਂਨਿਕ ਕਾਰ-ਵਿਹਾਰ ਵਿਭਾਗ ਨੂੰ ਸੂਚਨਾਂ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਗ੍ਰਿਹ



File No. DPISE-CORD0CIRC/43/2020-COORDINATION-DPISE (Computer No. 83236)
[redacted] SINGH, SA(LS)-COORDINATION-DPISE, SENIOR ASSISTANT-COORDINATION-DPISE, DEPT-DIRECTOR PUBLIC INSTRUCTIONS-SECONDARY EDUCATION on 07/08/2024 12: